ਪੰਜਾਬ ਸਰਕਾਰ
ਗ੍ਰਹਿ ਮਾਮਲੇ ਤੇ ਨਿਆ ਵਿਭਾਗ
(ਗ੍ਰਹਿ3 ਸ਼ਾਖਾ)

## ਦਫ਼ਤਰੀ ਹੁਕਮ

ਇੰਸਪੈਕਟਰ ਹਰਪਾਲ ਸਿੰਘ ਨੰ:198/ਪੀ.ਆਰ (ਹੁਣ ਡੀ.ਐੱਸ.ਪੀ.) ਨੂੰ ਮੁਕੱਦਮਾ ਨੰ: 84 ਮਿਤੀ 07.09.1989 ਅਧੀਨ ਧਾਰਾ. 364, 365, 201,120-ਬੀ, ਆਈ.ਪੀ.ਸੀ., ਪੁਲਿਸ ਸਟੇਸ਼ਨ ਐੱਸ.ਏ.ਐੱਸ.ਨਗਰ ਵਿਖੇ ਦਰਜ ਮੁਕੱਦਮੇ ਵਿੱਚੋਂ ਮਿਤੀ 14.1.2006 ਨੂੰ ਬਰੀ ਹੋਣ ਉਪਰੰਤ ਅਤੇ ਦੂਸਰੇ ਮੁਕੱਦਮਾ ਨੰ:1 ਮਿਤੀ 10.01.1997 ਵਿਚੋਂ ਮਿਤੀ 01.2.2008 ਨੂੰ ਬਰੀ ਹੋਣ ਉਪਰੰਤ ਇੰਸਪੈਕਟਰ ਰੈਂਕ ਵਿੱਚ ਮਿਤੀ 16.9.1990 ਨੂੰ ਪਦਉਨਤ ਕਰਨ ਉਪਰੰਤ ਇੰਸਪੈਕਟਰਾਂ ਦੀ ਸੀਨੀਆਰਤਾ ਵਿੱਚ ਲੜੀ ਨੰ:168 ਤੇ ਦਰਜ ਕੀਤਾ ਗਿਆ ਸੀ।

2. ਅਤੇ ਇੰਸਪੈਕਟਰ ਹਰਪਾਲ ਸਿੰਘ ਨੰ:198/ਪੀ.ਆਰ ਦਾ ਇੰਸਪੈਕਟਰਾਂ ਦੀ ਸੀਨੀਆਰਤਾ ਵਿੱਚ ਲੜੀ ਨੰ:168 ਤੇ ਨਾਮ ਸ਼ਾਮਲ ਕਰਨ ਨਾਲ ਉਸਦਾ ਰੈਂਕ ਉਸਦੇ ਜੂਨੀਅਰ ਇੰਸਪੈਕਟਰ ਲਾਭ ਸਿੰਘ ਤੋਂ ਉਪਰ ਹੋਣ ਕਾਰਨ ਉਸਨੂੰ ਇੰਸਪੈਕਟਰ ਰੈਂਕ ਤੋਂ ਉਪ ਕਪਤਾਨ ਪੁਲਿਸ ਦੀ ਅਸਾਮੀ ਤੇ ਡੀਮਡ ਡੇਟ ਤਰੱਕੀ ਮਿਤੀ 10.7.1997 ਤੋਂ ਦੇਣ ਦੇ ਸਰਕਾਰ ਵੱਲੋਂ ਹੁਕਮ ਨੰ:15/54/07-3ਗ3/1931-33, ਮਿਤੀ 24.07.2013 ਨੂੰ ਜਾਰੀ ਕੀਤੇ ਗਏ ਸਨ।

3. ਅਤੇ ਇੰਸਪੈਕਟਰ ਹਰਪਾਲ ਸਿੰਘ ਨੰ:198/ਪੀ.ਆਰ. ਨੂੰ ਬਤੌਰ ਡਿਪਟੀ ਸੁਪਰਡੰਟ ਆਫ਼ ਪੁਲਿਸ ਡੀਮਡ ਡੇਟ ਤਰੱਕੀ ਦੇਣ ਨਾਲ ਉਸਦਾ ਨਾਮ ਗ੍ਰਹਿ ਵਿਭਾਗ (ਗ੍ਰਹਿ-3 ਸ਼ਾਖਾ) ਵੱਲੋਂ ਪੱਤਰ ਨੰ:8/435/11-3ਗ3/277 ਮਿਤੀ 29.01.13 ਰਾਹੀਂ ਜਾਰੀ ਕੀਤੀ ਗਈ ਸੀਨੀਆਰਤਾ ਸੂਚੀ ਵਿੱਚ ਲੜੀ ਨੰ:351 ਤੋਂ ਬਾਅਦ ਨਿਮਨ ਅਨੁਸਾਰ ਸ਼ਾਮਲ ਕਰਨ ਦੀ ਤਜਵੀਜ਼ ਹੈ:-

| Sr. No. | Name | Date of Birth | Date of Joining | Date from which continuous service is to be counted on availbility of cadre post | Date of Retirement |
|---|---|---|---|---|---|
| 351-A | Sh. Harpal Singh No.198/PR | 22.11.1959 | 10.07.1997 | 01.05.1999 | 30.11.2017 |

4. ਸਾਰੇ ਸਬੰਧਤਾਂ ਨੂੰ ਸ਼੍ਰੀ ਹਰਪਾਲ ਸਿੰਘ ਨੰ:198/ਪੀ.ਆਰ. ਨੂੰ ਉਕਤ ਅਨੁਸਾਰ ਸੀਨੀਆਰਤਾ ਦੇਣ ਤੋਂ ਪਹਿਲਾਂ ਆਪਣੇ ਇਤਰਾਜ/ਸੁਝਾਅ ਦੇਣ ਲਈ ਇਹਨਾਂ ਹੁਕਮਾਂ ਦੇ ਜਾਰੀ ਹੋਣ ਤੋਂ 21 ਦਿਨ ਦਾ ਸਮਾਂ ਦਿੱਤਾ ਜਾਂਦਾ ਹੈ। ਨਿਰਧਾਰਤ ਸਮੇਂ ਉਪਰੰਤ ਪ੍ਰਾਪਤ ਹੋਏ ਸੁਝਾਅ/ਇਤਰਾਜਾ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਐੱਸ.ਐੱਸ. ਚੰਨੀ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਗ੍ਰਹਿ ਮਾਮਲੇ ਤੇ ਨਿਆਂ ਵਿਭਾਗ

ਸਥਾਨ: ਚੰਡੀਗੜ੍ਹ
ਮਿਤੀ 25.3.2014

ਪਿੱਠਅੰਕਣ ਨੰ:8/435/11-3ਗ3/**1016-1018** ਮਿਤੀ ਚੰਡੀਗੜ੍ਹ: **02-04-2014**

ਇਸਦਾ ਇਕ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਲਈ ਭੇਜਿਆਂ ਜਾਂਦਾ ਹੈ:-

1. ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ੍ਹ ਨੂੰ ਸਾਰੇ ਸਬੰਧਤ ਅਧਿਕਾਰੀਆਂ ਨੂੰ ਸੂਚਿਤ ਕਰਨ ਹਿੱਤ
2. ਵਧੀਕ ਡਾਇਰੈਕਟਰ ਜਨਰਲ ਪੁਲਿਸ, ਕੰਪਿਊਟਰ ਅਤੇ ਟੈਲੀਕਮਨੀਕੇਸ਼ਨ, ਪੰਜਾਬ, ਚੰਡੀਗੜ੍ਹ। ਉਹਨਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਇਹ ਹੁਕਮ ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ੍ਹ ਦੀ ਵੈੱਬਸਾਈਟ ਤੋਂ ਅਪਲੋਡ ਕਰ ਲੈਣ।
3. ਸੁਪਰਡੰਟ, ਗ੍ਰਹਿ-1 ਸ਼ਾਖਾ।

(ਤਰਸੇਮ ਲਾਲ ਗੋਇਲ)
ਅਧੀਨ ਸਕੱਤਰ

ਪਿੱਠਅੰਕਣ ਨੰ:8/435/11-3ਗ3/ ਮਿਤੀ ਚੰਡੀਗੜ੍ਹ:

ਇਸਦਾ ਇਕ ਉਤਾਰਾ ਸਕੱਤਰ, ਯੂਨੀਅਨ ਪਬਲਿਕ ਕਮਿਸ਼ਨ, ਧੋਲਪੁਰ ਹਾਊਸ, ਸ਼ਾਹਜਹਾਂ ਰੋਡ, ਨਵੀਂ ਦਿੱਲੀ-110069 ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ

ਪਿੱਠਅੰਕਣ ਨੰ:8/435/11-3ਗ3/ ਮਿਤੀ ਚੰਡੀਗੜ੍ਹ:

ਇਸਦਾ ਇਕ ਉਤਾਰਾ ਸਕੱਤਰ, ਭਾਰਤ ਸਰਕਾਰ, ਗ੍ਰਹਿ ਮਾਮਲਾ ਵਿਭਾਗ, ਨਵੀਂ ਦਿੱਲੀ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤ਼ਰ